## ਅਧਿਆਇ 17

# ਹਾਰੂਨ ਦਾ ਢਾਂਗਾ

ਪਰਮੇਸ਼ੁਰ ਦੇ ਜਾਜਕਾਂ ਦੇ ਰੂਪ ਵਿਚ ਕੌਣ ਸੇਵਾ ਕਰ ਸਕਦਾ ਸੀ? ਮੂਸਾ ਨੇ ਇਸ ਸਵਾਲ ਦਾ ਜਵਾਬ ਦਿੱਤਾ ਜਦੋਂ ਉਸ ਨੇ ਇਸਰਾਏਲ ਦੇ ਵਿਦਰੋਹ ਦੀ ਕਹਾਣੀ ਨੂੰ ਅੱਗੇ ਜਾਰੀ ਰੱਖਿਆ। ਕੋਰਹ, ਦਾਥਾਨ ਅਤੇ ਅਬੀਰਾਮ ਨੇ 250 "ਨਾਮੀ ਮਨੁੱਖਾਂ" ਨਾਲ ਮਿਲ ਕੇ (16:2) ਮੂਸਾ ਅਤੇ ਹਾਰੂਨ ਦੇ ਇਖ਼ਤਿਆਰ ਨੂੰ ਚੁਣੌਤੀ ਦਿੱਤੀ ਸੀ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਮਿਲੀ ਸੀ। ਲੇਵੀ ਅਤੇ ਰਊਬੇਨ ਦੇ ਗੋਤਾਂ ਵਿੱਚੋਂ ਇਨ੍ਹਾਂ ਮਨੁੱਖਾਂ ਨੇ ਹਾਰੂਨ ਦੇ ਪਰਿਵਾਰ ਦੇ ਸੇਵਾ ਕਰਨ ਦੇ ਵਿਸ਼ੇਸ਼ ਜਾਜਕਾਈ ਹੱਕ ਨੂੰ ਚੁਣੌਤੀ ਦਿੱਤੀ ਸੀ। ਜਦੋਂ ਲੋਕਾਂ ਨੇ ਉਨ੍ਹਾਂ ਨਾਲ ਹਮਦਰਦੀ ਜਤਾਈ, ਪਰਮੇਸ਼ੁਰ ਨੇ ਇਕ ਬਵਾ ਘੱਲੀ ਜਿਸ ਨੇ ਉਨ੍ਹਾਂ ਵਿੱਚੋਂ 14,700 ਨੂੰ ਮਾਰ ਸੁੱਟਿਆ। ਇਸ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਪਰਮੇਸ਼ੁਰ ਨੇ ਸਦਾ ਦੇ ਲਈ ਜਾਜਕਾਈ ਦੇ ਸਵਾਲ ਦਾ ਨਿਪਟਾਰਾ ਕੀਤਾ। ਉਸ ਨੇ ਇਹ ਵਿਖਾਉਣ ਦੇ ਲਈ ਕਿ ਕਿਸ ਗੋਤ ਨੂੰ ਉਸ ਨੇ ਚੁਣਿਆ ਸੀ ਇਹ ਇਕ ਮੁਕਾਬਲਾ ਕਰਵਾ ਕੇ ਕੀਤਾ।

## ਰੱਬੀ ਪਰਖ (17:1-7)

**[1]ਫੇਰ ਯਹੋਵਾਹ ਮੂਸਾ ਨੂੰ ਬੋਲਿਆ, [2]ਇਸਰਾਏਲੀਆਂ ਨੂੰ ਬੋਲ ਅਤੇ ਉਨ੍ਹਾਂ ਤੋਂ ਢਾਂਗੇ ਘਰਾਣਿਆਂ**
**ਪਰਤੀ ਲੈ ਅਰਥਾਤ ਉਨ੍ਹਾਂ ਦੇ ਸਾਰਿਆਂ ਪਰਧਾਨਾਂ ਤੋਂ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ**
**ਬਾਰਾਂ ਢਾਂਗੇ ਲੈ ਅਤੇ ਹਰ ਮਨੁੱਖ ਦਾ ਨਾਉਂ ਉਸ ਦੇ ਢਾਂਗੇ ਉੱਤੇ ਲਿਖੀਂ। [3]ਅਤੇ ਤੂੰ ਹਾਰੂਨ ਦਾ ਨਾਉਂ**
**ਲੇਵੀ ਦੇ ਢਾਂਗੇ ਉੱਤੇ ਲਿਖੀਂ ਕਿਉਂ ਜੋ ਇੱਕ ਢਾਂਗਾ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਦੇ ਹਰ ਮੁਖੀਏ ਦੇ**
**ਲਈ ਹੋਵੇ। [4]ਅਤੇ ਉਨ੍ਹਾਂ ਨੂੰ ਮੰਡਲੀ ਦੇ ਤੰਬੂ ਵਿੱਚ ਉਸ ਸਾਖੀ ਅੱਗੇ ਜਿੱਥੇ ਮੈਂ ਤੈਨੂੰ ਮਿਲਦਾ ਹਾਂ**
**ਰੱਖ। [5]ਅਤੇ ਐਉਂ ਹੋਵੇਗਾ ਕਿ ਉਸ ਮਨੁੱਖ ਦੇ ਢਾਂਗੇ ਤੋਂ ਜਿਹ ਨੂੰ ਮੈਂ ਚੁਣਾਂਗਾ ਕੂਮਲੀਆਂ ਨਿੱਕਲ**
**ਆਉਣਗੀਆਂ ਅਤੇ ਮੈਂ ਆਪਣੀ ਵੱਲੋਂ ਇਸਰਾਏਲੀਆਂ ਦੀ ਬੁੜ ਬੁੜਾਹਟ ਨੂੰ ਮੁਕਾ ਦਿਆਂਗਾ ਜਿਹੜੀ**
**ਓਹ ਤੁਹਾਡੇ ਵਿਰੁੱਧ ਬੁੜ ਬੁੜਾਉਂਦੇ ਹਨ। [6]ਮੂਸਾ ਇਸਰਾਏਲੀਆਂ ਨੂੰ ਇਉਂ ਬੋਲਿਆ ਅਤੇ ਉਨ੍ਹਾਂ ਦੇ**
**ਸਾਰੇ ਪਰਧਾਨਾਂ ਨੇ ਉਹ ਨੂੰ ਢਾਂਗੇ ਦਿੱਤੇ, ਹਰ ਪਰਧਾਨ ਦਾ ਇੱਕ ਇੱਕ ਢਾਂਗਾ ਉਨ੍ਹਾਂ ਦੇ ਪਿਤ੍ਰਾਂ ਦੇ**
**ਘਰਾਣਿਆਂ ਅਨੁਸਾਰ, ਬਾਰਾਂ ਢਾਂਗੇ ਅਤੇ ਹਾਰੂਨ ਦਾ ਢਾਂਗਾ ਉਨ੍ਹਾਂ ਦੇ ਢਾਂਗਿਆਂ ਦੇ ਵਿੱਚ ਸੀ। [7]ਤਾਂ**
**ਮੂਸਾ ਨੇ ਉਨ੍ਹਾਂ ਢਾਂਗਿਆਂ ਨੂੰ ਸਾਖੀ ਦੇ ਤੰਬੂ ਵਿੱਚ ਯਹੋਵਾਹ ਦੇ ਅੱਗੇ ਰੱਖਿਆ।**

**ਆਇਤਾਂ 1, 2.** ਉਸ ਤਬਾਹੀ ਤੋਂ ਬਾਅਦ ਜੋ ਅਧਿਆਇ 16 ਵਿਚ ਪਰਜਾ ਦੇ ਬੁੜ ਬੁੜਾਉਣ ਦੇ ਨਤੀਜੇ ਵਜੋਂ ਹੋਈ ਸੀ, ਪਰਮੇਸ਼ੁਰ ਨੇ ਇਹ ਸਪੱਸ਼ਟ ਕਰਨ ਦੇ ਲਈ ਕਿ ਉਸ ਨੇ ਜਾਜਕਾਂ ਦੇ ਤੌਰ ਤੇ ਸੇਵਾ ਟਹਿਲ ਕਰਨ ਦੇ ਲਈ ਕਿਹੜਾ ਗੋਤ ਚੁਣਿਆ ਸੀ ਇਕ ਮੁਕਾਬਲੇ ਦਾ ਪ੍ਰਸਤਾਵ ਰੱਖਿਆ। ਉਸ ਨੇ **ਮੂਸਾ** ਨੂੰ ਆਖਿਆ ਕਿ ਉਹ ਇਸਰਾਏਲੀਆਂ ਨੂੰ **ਪਿਤ੍ਰਾਂ ਦੇ ਘਰਾਣਿਆਂ ਅਨੁਸਾਰ** ਇਕ ਇਕ **ਢਾਂਗਾ** ਲਿਆਉਣ ਲਈ ਕਹੇ ਅਤੇ **ਬਾਰਾਂ ਢਾਂਗਿਆਂ** ਤੇ ਹਰੇਕ ਮਨੁੱਖ ਦਾ **ਨਾਉਂ** ਉਸ ਦੇ ਢਾਂਗੇ ਉੱਤੇ **ਲਿਖੇ**। ਡਬਲਿਯੂ. ਐਚ. ਬੈਲਿੰਗਰ, ਜੂਨੀਅਰ ਨੇ ਸੋਚਿਆ ਕਿ "ਢਾਂਗੇ" ਜੋ ਇਸ ਮੁਕਾਬਲੇ

ਵਿਚ ਵਰਤੇ ਗਏ "ਨਵੀਆਂ ਕੱਟੀਆਂ ਹੋਈਆਂ ਟਹਿਣੀਆਂ ਨਹੀਂ ਸਨ ਪਰ ਹਰ ਗੋਤ ਦੇ ਪਰਧਾਨ ਦੁਆਰਾ ਚੁੱਕੀਆਂ ਜਾਣ ਵਾਲੀਆਂ ਅਧਿਕਾਰਕ ਲਾਠੀਆਂ ਸਨ ਜੋ ਕਿ ਅਧਿਕਾਰ ਦਾ ਪ੍ਰਤੀਕ ਸਨ।"[1] "ਢਾਂਗੇ" ਜਾਂ "ਲਾਠੀ" ਲਈ ਜਿਹੜਾ ਇਬਰਾਨੀ ਸ਼ਬਦ (ਜਾਂ, *ਮੱਤੇਹ)* ਵਰਤਿਆ ਗਿਆ ਹੈ ਉਸ ਦਾ ਅਰਥ "ਗੋਤ" ਵੀ ਹੋ ਸਕਦਾ ਹੈ ਜਿਹੜਾ ਪ੍ਰਤੀਕਵਾਦ ਨੂੰ ਉੱਚਾ ਕਰਦਾ ਹੈ। "ਢਾਂਗਾ" ਜਿਸ ਦੇ ਵਿੱਚੋਂ "ਕੂਮਲੀਆਂ ਨਿੱਕਲ ਆਉਂਦੀਆਂ ਹਨ," ਬੈਲਿੰਗਰ ਕਹਿੰਦਾ ਹੈ, "ਉਸ 'ਗੋਤ' ਦਾ ਪ੍ਰਤੀਕ ਹੈ ਜਿਹੜਾ ਰੱਬੀ ਪਸੰਦ ਹੈ।"[2]

**ਆਇਤ 3.** ਇਸ ਤੋਂ ਇਲਾਵਾ, **ਹਾਰੂਨ ਦਾ ਨਾਉਂ ਲੇਵੀ ਦੇ ਢਾਂਗੇ ਉੱਤੇ** ਲਿਖਿਆ ਜਾਣਾ ਸੀ। ਪਰਮੇਸ਼ੁਰ ਦਾ ਨਿਯੁਕਤ ਪਰਧਾਨ ਜਾਜਕ ਹੋਣ ਦੇ ਨਾਤੇ, ਉਹ ਜਾਜਕਾਈ ਗੋਤ ਦਾ ਪਰਧਾਨ ਸੀ।

**ਆਇਤ 4.** ਫਿਰ ਢਾਂਗੇ ਰਾਤੋ ਰਾਤ ਡੇਹਰੇ ਦੇ ਵਿਚ ਰੱਖੇ ਜਾਣੇ ਸਨ - **ਮੰਡਲੀ ਦੇ ਤੰਬੂ ਵਿੱਚ ਉਸ ਸਾਖੀ ਅੱਗੇ**, ਜਿੱਥੇ ਪਰਮੇਸ਼ੁਰ ਨੇ ਆਖਿਆ ਸੀ ਕਿ ਉਹ ਆਪਣੀ ਪਰਜਾ ਨੂੰ **ਮਿਲੇਗਾ**। ਦੂਜੇ ਸ਼ਬਦਾਂ ਵਿਚ, ਢਾਂਗੇ ਅੱਤ ਪਵਿੱਤਰ ਅਸਥਾਨ ਵਿਚ, ਨੇਮ ਦੇ ਸੰਦੂਕ ਦੇ ਅੱਗੇ ਰੱਖੇ ਜਾਣੇ ਸਨ। ਸੰਦੂਕ ਵਿਚ ਬਿਵਸਥਾ ਦੀਆਂ ਦੋਵੇਂ ਫੱਟੀਆਂ ਸਨ, ਜਿਨ੍ਹਾਂ ਦਾ "ਸਾਖੀ" ਵਜੋਂ ਹਵਾਲਾ ਦਿੱਤਾ ਗਿਆ ਸੀ (ਕੂਚ 25:21; 31:18; 32:15; 34:29)।

**ਆਇਤ 5.** ਪਰਮੇਸ਼ੁਰ ਨੇ **ਮਨੁੱਖ ਦੇ ਢਾਂਗੇ** ਵਿੱਚੋਂ ਜਿਸ ਨੂੰ ਉਸ ਨੇ ਚੁਣਿਆ ਸੀ **ਕੂਮਲੀਆਂ ਨਿੱਕਲਣ** ਦਿੱਤੀਆਂ ਜੋ ਉਸ ਗੋਤ ਦੇ ਵੱਲ ਇਸ਼ਾਰਾ ਕਰਦੀਆਂ ਸਨ ਜਿਸ ਨੂੰ ਉਸ ਨੇ ਜਾਜਕ ਹੋਣ ਦੇ ਲਈ ਨਿਯੁਕਤ ਕੀਤਾ ਸੀ ਅਤੇ ਉਨ੍ਹਾਂ ਨੂੰ ਚੁੱਪ ਕਰਾਉਂਦੀਆਂ ਸਨ ਜਿਹੜੇ ਮੂਸਾ ਅਤੇ ਹਾਰੂਨ ਦੇ ਆਗੂ ਹੋਣ ਦੇ ਬਾਰੇ **ਬੁੜ ਬੁੜਾਉਂਦੇ** ਸਨ।

**ਆਇਤ 6.** ਪਰਜਾ ਨੇ ਪਰਮੇਸ਼ੁਰ ਦੀਆਂ ਹਦਾਇਤਾਂ ਦਾ ਪਾਲਣ ਕੀਤਾ: **ਉਨ੍ਹਾਂ ਦੇ ਸਾਰੇ ਪਰਧਾਨਾਂ ਨੇ ਉਹ** [ਮੂਸਾ] **ਨੂੰ ਢਾਂਗੇ ਦਿੱਤੇ, ਹਰ ਪਰਧਾਨ ਦਾ ਇੱਕ ਇੱਕ ਢਾਂਗਾ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ।** ਉੱਥੇ **ਬਾਰਾਂ ਢਾਂਗੇ** ਸਨ - ਬਾਰਾਂ ਗੋਤਾਂ ਦੇ ਲਈ ਇਕ ਇਕ ਢਾਂਗਾ, ਇਫ਼ਰਾਈਮ ਅਤੇ ਮਨੱਸ਼ਹ ਦੇ ਗੋਤਾਂ ਸਮੇਤ, ਨਾਲੇ **ਹਾਰੂਨ ਦਾ ਢਾਂਗਾ**, ਤੇਰ੍ਹਵਾਂ ਢਾਂਗਾ, ਜਿਹੜਾ ਲੇਵੀ ਦੇ ਗੋਤ ਨੂੰ ਦਰਸਾਉਂਦਾ ਹੈ।

**ਆਇਤ 7.** ਫਿਰ **ਮੂਸਾ ਨੇ ਉਨ੍ਹਾਂ ਢਾਂਗਿਆਂ ਨੂੰ ਸਾਖੀ ਦੇ ਤੰਬੂ ਵਿੱਚ ਯਹੋਵਾਹ ਦੇ ਅੱਗੇ ਰੱਖਿਆ**। ਇਹ ਆਇਤ 4 ਵਿਚ ਦਿੱਤੀਆਂ ਗਈਆਂ ਹਦਾਇਤਾਂ ਨਾਲ ਮਿਲਦਾ ਹੈ।

## ਇਕ ਸਪੱਸ਼ਟ ਪ੍ਰਦਰਸ਼ਨ (17:8-11)

**8ਤਾਂ ਐਉਂ ਹੋਇਆ ਕਿ ਅਗਲੇ ਦਿਨ ਮੂਸਾ ਸਾਖੀ ਦੇ ਤੰਬੂ ਵਿੱਚ ਗਿਆ ਅਤੇ ਵੇਖੋ ਹਾਰੂਨ ਦਾ ਢਾਂਗਾ ਲੇਵੀ ਦੇ ਘਰਾਣੇ ਦਾ ਫੁੱਟ ਪਿਆ ਅਤੇ ਉਸ ਨੂੰ ਕੂਮਲੀਆਂ ਨਿੱਕਲੀਆਂ ਹੋਈਆਂ ਸਨ ਅਤੇ ਫੁੱਲ ਨਿੱਕਲੇ ਹੋਏ ਸਨ ਅਤੇ ਬਦਾਮ ਲੱਗੇ ਹੋਏ ਸਨ। 9ਤਾਂ ਮੂਸਾ ਸਾਰੇ ਢਾਂਗੇ ਯਹੋਵਾਹ ਦੇ ਅੱਗੋਂ ਬਾਹਰ ਇਸਰਾਏਲੀਆਂ ਕੋਲ ਲਿਆਇਆ ਅਤੇ ਉਨ੍ਹਾਂ ਨੇ ਵੇਖੇ ਅਤੇ ਹਰ ਮਨੁੱਖ ਨੇ ਆਪਣਾ ਢਾਂਗਾ ਲਿਆ। 10ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ ਕਿ ਹਾਰੂਨ ਦਾ ਢਾਂਗਾ ਸਾਖੀ ਦੇ ਅੱਗੇ ਆਕੀਆਂ ਲਈ ਨਿਸ਼ਾਨ ਹੋਣ ਲਈ ਮੋੜ ਕੇ ਰੱਖ ਦੇਹ ਤਾਂ ਜੋ ਤੂੰ ਮੇਰੇ ਵਿਰੁੱਧ ਉਨ੍ਹਾਂ ਦੀ ਬੁੜ ਬੁੜਾਹਟ ਮੁਕਾ ਦੇਵੇਂ ਅਤੇ ਓਹ ਨਾ ਮਰਨ। 11ਤਾਂ ਮੂਸਾ ਨੇ ਏਵੇਂ ਹੀ ਕੀਤਾ, ਜਿਵੇਂ ਯਹੋਵਾਹ ਨੇ ਉਹ ਨੂੰ ਹੁਕਮ ਦਿੱਤਾ ਸੀ ਤਿਵੇਂ ਹੀ ਕੀਤਾ।**

**ਆਇਤ 8.** ਢਾਂਗਿਆਂ ਨੂੰ ਬਾਹਰ ਲਿਆਉਣ ਅਤੇ ਇਸਰਾਏਲੀਆਂ ਨੂੰ ਇਹ ਵਿਖਾਉਣ ਦੇ ਲਈ ਕਿ ਪਰਮੇਸ਼ੁਰ ਨੇ ਕਿਹੜੇ ਗੋਤ ਨੂੰ ਚੁਣਿਆ ਸੀ **ਅਗਲੇ ਦਿਨ ਮੂਸਾ ਸਾਖੀ ਦੇ ਤੰਬੂ ਵਿੱਚ ਗਿਆ।**

ਉਹ ਕਿੰਨਾ ਹੈਰਾਨ ਹੋਇਆ ਹੋਵੇਗਾ ਜਦੋਂ ਉਸ ਨੂੰ ਪਤਾ ਲੱਗਾ ਕਿ **ਹਾਰੂਨ ਦਾ ਢਾਂਗਾ** ਜਿਹੜਾ ਕਿ **ਲੇਵੀ ਦੇ ਘਰਾਣੇ** ਨੂੰ ਦਰਸਾਉਂਦਾ ਸੀ ਨਾ ਸਿਰਫ **ਫੁੱਟ ਪਿਆ** ਸੀ, ਪਰ ਉਸ ਦੀਆਂ **ਕੂਮਲੀਆਂ ਨਿੱਕਲੀਆਂ ਹੋਈਆਂ ਸਨ** ਅਤੇ **ਫੁੱਲ ਨਿੱਕਲੇ ਹੋਏ ਸਨ** ਅਤੇ **ਬਦਾਮ ਲੱਗੇ ਹੋਏ ਸਨ**!

ਸ਼ਪੱਸ਼ਟ ਤੌਰ ਤੇ, ਇਹ ਇਕ ਚਮਤਕਾਰ ਹੋਇਆ ਸੀ। ਅਸੀਂ ਬਦਾਮ ਦੇ ਬੂਟੇ ਦੀ ਤਾਜ਼ਾ ਕੱਟੀ ਹੋਈ ਟਹਿਣੀ ਦੇ ਫੁੱਟ ਪੈਣ ਦੀ ਕਲਪਨਾ ਕਰ ਸਕਦੇ ਹਾਂ; ਪਰ, ਇਹ ਢਾਂਗਾ ਤਾਜ਼ਾ ਕੱਟਿਆ ਹੋਇਆ ਨਹੀਂ ਸੀ। ਇਸ ਨੂੰ ਲੰਬੇ ਸਮੇਂ ਦੇ ਲਈ ਇਕ ਸੋਟੀ ਜਾਂ ਲਾਠੀ ਦੇ ਤੌਰ ਤੇ ਵਰਤਿਆ ਜਾ ਚੁੱਕਾ ਸੀ; ਇਸ ਤੋਂ ਇਲਾਵਾ, ਇਹ ਨਾ ਸਿਰਫ ਫੁੱਟ ਪਿਆ ਅਤੇ ਇਸ ਦੀਆਂ ਕੂਮਲੀਆਂ ਨਿੱਕਲੀਆਂ ਸਨ। ਬਲਕਿ, ਪਰਮੇਸ਼ੁਰ ਦੀ ਸ਼ਕਤੀ ਨਾਲ, ਇਹ ਸੁੱਕੀ ਸੋਟੀ ਜਾਂ ਲਾਠੀ ਦੀਆਂ ਝੱਟ "ਕੂਮਲੀਆਂ" ਨਿੱਕਲ ਆਈਆਂ, "ਫੁੱਲ ਨਿੱਕਲ ਆਏ" ਅਤੇ "ਪੱਕੇ ਬਦਾਮ" ਲੱਗ ਗਏ - ਇਹ ਸਭ ਕੁਝ ਇੱਕੋ ਹੀ ਸਮੇਂ ਵਿਚ ਹੋਇਆ ਸੀ! ਇਹੋ ਜਿਹੀਆਂ ਗੱਲਾਂ ਕੁਦਰਤੀ ਤੌਰ ਤੇ ਨਹੀਂ ਹੁੰਦੀਆਂ ਹਨ।

**ਆਇਤ 9. ਮੂਸਾ ਸਾਰੇ ਢਾਂਗੇ ... ਲਿਆਇਆ** ਅਤੇ ਗੋਤਾਂ ਦੇ ਪਰਧਾਨਾਂ ਨੂੰ ਇਕ ਇਕ ਢਾਂਗਾ ਦੇ ਦਿੱਤਾ **ਅਤੇ ਉਨ੍ਹਾਂ ਨੇ ਵੇਖੇ ਅਤੇ ਹਰ ਮਨੁੱਖ ਨੇ ਆਪਣਾ ਢਾਂਗਾ ਲਿਆ**। ਇਹ ਟਿੱਪਣੀ ਕਿ "ਉਨ੍ਹਾਂ ਨੇ ਵੇਖੇ" ਇਹ ਦੱਸਦੀ ਹੈ ਕਿ ਉਨ੍ਹਾਂ ਨੇ ਖੁਦ ਹਾਰੂਨ ਦਾ ਢਾਂਗਾ ਵੇਖਿਆ ਅਤੇ ਸਮਝ ਗਏ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪਰਮੇਸ਼ੁਰ ਨੇ ਲੇਵੀ ਦੇ ਗੋਤ - ਖਾਸਕਰ, ਹਾਰੂਨ ਦੇ ਘਰਾਣੇ - ਨੂੰ ਆਪਣੇ ਜਾਜਕ ਹੋਣ ਦੇ ਲਈ ਚੁਣਿਆ ਸੀ।

**ਆਇਤਾਂ 10, 11.** ਫਿਰ ਪਰਮੇਸ਼ੁਰ ਨੇ ਮੂਸਾ ਨੂੰ **ਆਕੀਆਂ** ਨੂੰ ਬੁੜ ਬੁੜਾਉਣ ਤੋਂ ਰੋਕਣ ਦੇ ਲਈ **ਤਾਂ ਜੋ ਓਹ ਨਾ ਮਰਨ ਹਾਰੂਨ ਦਾ ਢਾਂਗਾ ਸਾਖੀ ਦੇ ਅੱਗੇ ਨਿਸ਼ਾਨ ਹੋਣ ਲਈ ਮੋੜ ਕੇ ਰੱਖ ਦੇਣ** ਦੀ ਹਦਾਇਤ ਦਿੱਤੀ ਸੀ। ਢਾਂਗਾ ਦੋ ਸੱਚਾਈਆਂ ਦੀ ਇਕ ਨਿਰੰਤਰ ਯਾਦਗਾਰੀ ਦੇ ਤੌਰ ਤੇ ਅੱਤ ਪਵਿੱਤਰ ਅਸਥਾਨ ਵਿਚ ਰਹਿਣਾ ਸੀ: ਇਹ ਕਿ ਪਰਮੇਸ਼ੁਰ ਨੇ ਹਾਰੂਨ ਦੇ ਘਰਾਣੇ ਨੂੰ ਜਾਜਕ ਹੋਣ ਦੇ ਲਈ ਚੁਣਿਆ ਸੀ ਅਤੇ ਇਹ ਕਿ ਪਰਮੇਸ਼ੁਰ ਦੀ ਨਿਯੁਕਤ ਕੀਤੀ ਗਈ ਜਾਜਕਾਈ ਦੇ ਵਿਰੁੱਧ ਵਿਦਰੋਹ ਕਰਨ ਦੇ ਨਤੀਜੇ ਵਿਨਾਸ਼ਕਾਰੀ ਹੋਣਗੇ। ਵਿਰੋਧਾਭਾਸੀ ਢੰਗ ਨਾਲ, ਜਦ ਕਿ ਢਾਂਗੇ ਨੇ ਇਕ ਕਿਸਮ ਦੀ ਤਸਵੀਰ ਦੇ ਰੂਪ ਵਿਚ ਕੰਮ ਕਰਨਾ ਸੀ, ਇਸ ਨੂੰ ਅੱਤ ਪਵਿੱਤਰ ਅਸਥਾਨ ਵਿਚ ਰੱਖਿਆ ਗਿਆ ਸੀ, ਜਿੱਥੇ ਇਹ ਪਰਧਾਨ ਜਾਜਕ ਤੋਂ ਇਲਾਵਾ ਹੋਰ ਕਿਸੇ ਦੁਆਰਾ ਨਹੀਂ ਸੀ ਵੇਖਿਆ ਜਾਣਾ - ਅਤੇ ਪਰਧਾਨ ਜਾਜਕ ਵੀ ਇਸ ਨੂੰ ਸਾਲ ਵਿਚ ਸਿਰਫ ਇਕ ਵਾਰ ਵੇਖਦਾ ਸੀ। ਇਸ ਨੇ ਇਕ "ਨਿਸ਼ਾਨ" ਦਾ ਕੰਮ ਕਰਨਾ ਸੀ ਕਿਉਂਕਿ ਇਸ ਦੇ ਬਾਰੇ ਕਹਾਣੀ ਲੋਕਾਂ ਨੂੰ ਇਸ ਦੇ ਅਰਥ ਬਾਰੇ ਨਿਰੰਤਰ ਚੇਤੇ ਕਰਾਉਂਦੀ ਰਹੇਗੀ (ਤੁਲਨਾ ਕਰੋ ਯੂਹੰਨਾ 20:30, 31)। ਅੰਤ ਵਿਚ, ਢਾਂਗੇ ਨੂੰ ਨੇਮ ਦੇ ਸੰਦੂਕ ਵਿਚ ਰੱਖਿਆ ਗਿਆ ਸੀ (ਇਬਰਾਨੀਆਂ 9:4)। ਇਹ ਪੈਰ੍ਹਾ ਇਹ ਕਹਿਣ ਦੁਆਰਾ ਖਤਮ ਹੁੰਦਾ ਹੈ ਕਿ **ਮੂਸਾ ਨੇ** - ਇਸ ਮੌਕੇ ਤੇ, ਜਿਵੇਂ ਕਿ ਦੂਜਿਆਂ ਮੌਕਿਆਂ ਤੇ - **ਏਵੇਂ ਹੀ ਕੀਤਾ ਜਿਵੇਂ ਯਹੋਵਾਹ ਨੇ ਉਹ ਨੂੰ ਹੁਕਮ ਦਿੱਤਾ ਸੀ**।

## ਪ੍ਰਭਾਵੀ ਡਰ (17:12, 13)

**[12]ਉਪਰੰਤ ਇਸਰਾਏਲੀਆਂ ਨੇ ਮੂਸਾ ਨੂੰ ਆਖਿਆ ਕਿ ਵੇਖ, ਸਾਡੇ ਪ੍ਰਾਣ ਨਿੱਕਲ ਗਏ ਹਨ। ਅਸੀਂ ਨਾਸ ਹੋ ਗਏ ਹਾਂ! ਅਸੀਂ ਸਾਰੇ ਦੇ ਸਾਰੇ ਨਾਸ ਹੋ ਗਏ ਹਾਂ। [13]ਜੋ ਕੋਈ ਯਹੋਵਾਹ ਦੇ ਡੇਰੇ ਦੇ ਨੇੜੇ ਜਾਂਦਾ ਓਹ ਮਰ ਜਾਂਦਾ ਹੈ। ਕੀ ਅਸਾਂ ਸਾਰਿਆਂ ਦਾ ਨਾਸ ਹੋ ਜਾਵੇਗਾ?**

**ਆਇਤਾਂ 12, 13.** ਲੋਕਾਂ ਨੇ ਹਾਰੂਨ ਦੇ ਘਰਾਣੇ ਦੀ ਉਸ ਦੀ ਚੋਣ ਦੇ ਪਰਮੇਸ਼ੁਰ ਦੇ ਵਿਖਾਵੇ ਤੋਂ ਇਹ ਸਿੱਟਾ ਕੱਢਿਆ ਸੀ ਕਿ ਹੋਰ ਕੋਈ ਵੀ ਜਿਹੜਾ **ਡੇਰੇ ਦੇ ਨੇੜੇ** ਜਾਵੇਗਾ ਉਹ ਮਰ ਜਾਵੇਗਾ।

ਉਨ੍ਹਾਂ ਨੇ ਚੀਕ ਕੇ ਆਖਿਆ, **ਕੀ ਅਸਾਂ ਸਾਰਿਆਂ ਦਾ ਨਾਸ ਹੋ ਜਾਵੇਗਾ?** ਉਨ੍ਹਾਂ ਨੇ ਸੋਚਿਆ ਕਿ ਉਹ **ਸਾਰੇ ਦੇ ਸਾਰੇ ਨਾਸ ਹੋ ਰਹੇ** ਸਨ।

ਉਨ੍ਹਾਂ ਦੇ ਡਰ ਨੂੰ ਕਿਸ ਗੱਲ ਨੇ ਉਕਸਾਇਆ ਸੀ? ਸ਼ਾਇਦ, ਉਹ ਸਿਰਫ ਹਾਰੂਨ ਦੇ ਢਾਂਗੇ ਦੇ ਫੁੱਟ ਪੈਣ ਨੂੰ ਵੇਖ ਕੇ ਪ੍ਰਤੀਕਿਰਿਆ ਨਹੀਂ ਸੀ ਕਰ ਰਹੇ, ਪਰ ਉਨ੍ਹਾਂ ਸਾਰੀਆਂ ਘਟਨਾਵਾਂ ਨੂੰ ਵੇਖ ਕੇ ਪ੍ਰਤੀਕਿਰਿਆ ਕਰ ਰਹੇ ਸਨ ਜੋ ਬੀਤੇ ਕੁਝ ਦਿਨਾਂ ਵਿਚ ਵਾਪਰੀਆਂ ਸਨ। ਉਨ੍ਹਾਂ ਨੇ ਧਰਤੀ ਨੂੰ ਆਪਣਾ ਮੂੰਹ ਖੋਲ੍ਹਦਿਆਂ ਅਤੇ ਉਨ੍ਹਾਂ ਨੂੰ ਭੱਖ ਲੈਂਦਿਆਂ ਵੇਖਿਆ ਸੀ ਜਿਨ੍ਹਾਂ ਨੇ ਮੂਸਾ ਦੇ ਆਗੂ ਹੋਣ ਦੇ ਵਿਰੁੱਧ ਵਿਦਰੋਹ ਕੀਤਾ ਸੀ। ਉਨ੍ਹਾਂ ਨੇ ਸੁਰਗ ਤੋਂ ਉਨ੍ਹਾਂ ਲੋਕਾਂ ਨੂੰ ਨਾਸ ਕਰਨ ਦੇ ਲਈ ਅੱਗ ਆਉਂਦੀ ਵੇਖੀ ਸੀ ਜਿਹੜੇ ਜਾਜਕਾਂ ਦੇ ਤੌਰ ਤੇ ਹਾਰੂਨ ਦੇ ਘਰਾਣੇ ਦੀ ਥਾਂ ਲੈਣਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੇ ਦੇਸ਼ ਦੇ ਉਨ੍ਹਾਂ ਹਜ਼ਾਰਾਂ ਵਾਸੀਆਂ ਨੂੰ ਇਕ ਬਵਾ ਨਾਲ ਨਾਸ ਹੁੰਦੇ ਵੇਖਿਆ ਸੀ ਜਿਨ੍ਹਾਂ ਨੇ ਵਿਦਰੋਹ ਕਰਨ ਵਾਲਿਆਂ ਦੇ ਨਾਲ ਹਮਦਰਦੀ ਜਤਾਈ ਸੀ। ਹੁਣ ਉਨ੍ਹਾਂ ਨੇ ਪਰਮੇਸ਼ੁਰ ਦੇ ਚਮਤਕਾਰੀ ਪ੍ਰਦਰਸ਼ਨ ਨੂੰ ਵੇਖਿਆ ਸੀ ਕਿ ਉਸ ਨੇ ਉਸ ਦੇ ਜਾਜਕਾਈ ਗੋਤ ਬਣਨ ਦੇ ਲਈ ਹਾਰੂਨ ਅਤੇ ਲੇਵੀਆਂ ਨੂੰ ਚੁਣਿਆ ਸੀ। ਅੰਤ ਵਿਚ, ਉਹ ਪਰਮੇਸ਼ੁਰ ਦੀਆਂ ਚੋਣਾਂ ਨੂੰ ਸਵੀਕਾਰ ਕਰਨ ਦੇ ਮਹੱਤਵ - ਅਤੇ ਪਰਮੇਸ਼ੁਰ ਦੀਆਂ ਯੋਜਨਾਵਾਂ ਨੂੰ ਨਜ਼ਅੰਦਾਜ਼ ਕਰਨ ਜਾਂ ਠੁਕਰਾਉਣ ਵਿਚ ਸ਼ਾਮਲ ਵੱਡੇ ਖ਼ਤਰੇ - ਨੂੰ ਸਮਝ ਗਏ ਸਨ! ਜੇਕਰ ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਅਜਿਹੇ ਤਰੀਕਿਆਂ ਨਾਲ ਨਾਸ ਕੀਤਾ ਸੀ, ਕੀ ਉਨ੍ਹਾਂ ਦੇ ਮਰਨ ਦੀ ਸੰਭਾਵਨਾ ਨਹੀਂ ਸੀ ਜੇਕਰ ਉਹ ਡੇਹਰੇ ਦੇ ਨੇੜੇ ਜਾਂਦੇ, ਜਿੱਥੇ ਪਰਮੇਸ਼ੁਰ ਰਹਿੰਦਾ ਸੀ? ਇਸ ਸਵਾਲ ਦਾ ਜਵਾਬ ਅਗਲੇ ਅਧਿਆਇ ਵਿਚ ਦਿੱਤਾ ਗਿਆ ਹੈ।

# ਪ੍ਰਾਸੰਗਿਕਤਾ

### ਆਗੂਆਂ ਵਿਚ ਇਕ ਸੰਕਟ: ਪਰਜਾ ਵਿਚ ਇਕ ਵਿਦਰੋਹ (ਅਧਿਆਇ 16; 17)

ਚਾਰਲਸ ਨੋਰਡਹੋਫ ਅਤੇ ਜੇਮਸ ਨੋਰਮੈਨ ਹਾਲ ਦੁਆਰਾ ਲਿਖਿਆ ਗਿਆ ਨਾਵਲ *ਮਿਊਟਿਨੀ ਆਨ ਦ ਬਾਊਂਟੀ*, ਉਸ ਵਿਦਰੋਹ ਦਾ ਵਰਣਨ ਕਰਦਾ ਹੈ ਜੋ ਅਠਾਰਵੀਂ ਸਦੀ ਵਿਚ ਅੰਗਰੇਜ਼ੀ ਸਮੁੰਦਰੀ ਜਹਾਜ਼ ਵਿਚ ਹੋਇਆ ਸੀ। ਅਸੀਂ ਗਿਣਤੀ 16 ਅਤੇ 17 ਵਿਚ ਇਕ ਹੋਰ ਵਿਦਰੋਹ ਦੇ ਬਾਰੇ ਪੜ੍ਹਦੇ ਹਾਂ - ਉਜਾੜ ਵਿਚ ਇਸ ਇਸਰਾਏਲ ਦੀ ਪਰਜਾ ਵਿਚ ਵਿਦਰੋਹ। ਇਸ ਵਿਦਰੋਹ ਨੇ ਆਗੂਆਂ ਵਿਚ ਇਕ ਸੰਕਟ ਪੈਦਾ ਕਰ ਦਿੱਤਾ ਸੀ ਅਤੇ ਇਸ ਦੇ ਨਤੀਜੇ ਬਹੁਤ ਹੀ ਭਿਆਣਕ ਸਨ। ਇਨ੍ਹਾਂ ਅਧਿਆਵਾਂ ਵਿਚ ਜੋ ਸਵਾਲ ਹਾਵੀ ਹੁੰਦਾ ਹੈ ਉਹ ਇਹ ਹੈ ਕਿ "ਮੁਖੀ ਜਾਂ ਆਗੂ ਕੌਣ ਹੈ?" ਜਦੋਂ ਤੱਕ ਇਸ ਸਵਾਲ ਦਾ ਜਵਾਬ ਨਹੀਂ ਸੀ ਦਿੱਤਾ ਜਾਂਦਾ, ਇਸਰਾਏਲੀ ਵਾਅਦੇ ਦੀ ਧਰਤੀ ਵੱਲ ਅੱਗੇ ਨਹੀਂ ਸੀ ਵੱਧ ਸਕਦੇ।

ਸੰਸਾਰ ਵਿਚ ਬਹੁਤ ਸਾਰੀਆਂ ਮੰਡਲੀਆਂ (ਕਲੀਸੀਆਵਾਂ) ਵਿਚ, *ਸਾਡੇ* ਵਾਅਦੇ ਦੀ ਧਰਤੀ ਵੱਲ ਨੂੰ ਵੱਧਣ ਵਿਚ ਰੁਕਾਵਟ ਪੈ ਗਈ ਹੈ ਜਦ ਕਿ ਭਾਈ ਇਸ ਬਾਰੇ ਦਲੀਲ ਦਿੰਦੇ ਹਨ ਕਿ ਆਗੂ ਕੌਣ ਹੈ। ਅਕਸਰ, ਕਲੀਸੀਆ ਦੇ ਲੋਕਾਂ ਵਿਚ ਵਿਦਰੋਹ ਹੁੰਦਾ ਹੈ। ਇਸਰਾਏਲੀਆਂ ਦੇ ਆਗੂਆਂ ਦੀ ਸਮੱਸਿਆ ਕਾਫੀ ਹੱਦ ਤੱਕ ਸਾਡੀ ਸਮੱਸਿਆ ਵਰਗੀ ਹੀ ਸੀ। ਇਸ ਲਈ, ਆਗੂਆਂ ਵਿਚ ਉਨ੍ਹਾਂ ਦੇ ਸੰਕਟ ਦਾ ਅਧਿਐਨ ਕਰਨ ਦੁਆਰਾ, ਅਸੀਂ ਸਾਡੇ ਸੰਕਟ ਨੂੰ ਹੱਲ ਕਰਨ ਵਿਚ ਆਪਣੀ ਸਹਾਇਤਾ ਕਰਨ ਦੇ ਲਈ ਤਰੀਕੇ ਲੱਭ ਸਕਦੇ ਹਾਂ।

*ਮੂਸਾ ਦੇ ਵਿਰੁੱਧ ਵਿਦਰੋਹ।* ਚਾਰ ਇਸਰਾਏਲੀ - ਕੋਰਹ, ਦਾਥਾਨ, ਅਬੀਰਾਮ ਅਤੇ ਓਨ - ਕੌਮ ਦੇ 250 ਹੋਰ ਪਰਧਾਨਾਂ ਦੇ ਨਾਲ ਉੱਠ ਖੜ੍ਹੇ ਹੋਏ ਅਤੇ "ਮੂਸਾ ਅਤੇ ਹਾਰੂਨ ਦੇ ਵਿਰੁੱਧ ਇਕੱਠੇ ਹੋਏ।" ਕਿਉਂਕਿ ਬਾਕੀ ਦੀ ਕਹਾਣੀ ਵਿਚ ਓਨ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ, ਆਮ ਤੌਰ ਤੇ

ਇਹ ਸੋਚਿਆ ਜਾਂਦਾ ਹੈ ਕਿ ਇਸ ਵਿਦਰੋਹ ਦੀ ਅਗਵਾਈ ਕੋਰਹ, ਦਾਥਾਨ ਅਤੇ ਅਬੀਰਾਮ ਦੁਆਰਾ ਕੀਤੀ ਗਈ ਸੀ। ਉਨ੍ਹਾਂ ਨੇ ਆਖਿਆ, "ਹੁਣ ਤਾਂ ਬੱਸ ਕਰੋ ਕਿਉਂ ਜੋ ਸਾਰੀ ਮੰਡਲੀ ਦੇ ਲੋਕ ਪਵਿੱਤ੍ਰ ਹਨ ਅਤੇ ਯਹੋਵਾਹ ਉਨ੍ਹਾਂ ਦੇ ਵਿੱਚ ਹੈ। ਤੁਸੀਂ ਫੇਰ ਕਿਵੇਂ ਆਪਣੇ ਆਪ ਨੂੰ ਯਹੋਵਾਹ ਦੀ ਸਭਾ ਨਾਲੋਂ ਉੱਚਾ ਬਣਾਉਂਦੇ ਹੋ?" (16:3)।

ਇਹ ਕਹਿੰਦੇ ਹੋਏ, ਉਨ੍ਹਾਂ ਨੇ ਇਕ ਸੱਚਾਈ ਬੋਲੀ ਅਤੇ ਇਕ ਮਹੱਤਵਪੂਰਣ ਤੱਥ ਨੂੰ ਨਜ਼ਰਅੰਦਾਜ਼ ਕੀਤਾ। ਸੱਚਾਈ ਇਹ ਹੈ ਕਿ ਸਾਰੀ ਮੰਡਲੀ ਦੇ ਲੋਕ ਪਵਿੱਤਰ ਸਨ! ਪਰਮੇਸ਼ੁਰ ਦੇ ਲੋਕ "ਪਵਿੱਤਰ ਲੋਕ" ਸਨ। ਪ੍ਰਾਰਥਨਾ ਦੁਆਰਾ ਹਰ ਇਸਰਾਏਲੀ ਮਰਦ ਜਾਂ ਔਰਤ ਦੀ ਉਸ ਦੀ ਆਪਣੀ ਇੱਛਾ ਨਾਲ ਪਰਮੇਸ਼ੁਰ ਤੱਕ ਪਹੁੰਚ ਸੀ, ਜਿਵੇਂ ਕਿ ਜ਼ਬੂਰ ਦੱਸਦੇ ਹਨ। ਪਰ, ਬਲੀਦਾਨ ਦੇ ਉਦੇਸ਼ਾਂ ਦੇ ਲਈ, ਪਰਮੇਸ਼ੁਰ ਦੇ ਸਾਹਮਣੇ ਆਉਣ ਦੇ ਲਈ ਇਸਰਾਏਲੀਆਂ ਕੋਲ ਜਾਜਕ ਸਨ। ਨਜ਼ਰਅੰਦਾਜ਼ ਕੀਤਾ ਗਿਆ ਤੱਥ ਇਹ ਹੈ ਕਿ ਪਰਮੇਸ਼ੁਰ ਨੇ ਮੂਸਾ ਅਤੇ ਹਾਰੂਨ ਨੂੰ ਉਨ੍ਹਾਂ ਦੇ ਅਹੁਦਿਆਂ ਤੇ ਰੱਖਿਆ ਸੀ - ਮੂਸਾ ਨੂੰ ਬਿਵਸਥਾ ਦੇਣ ਵਾਲੇ ਦੇ ਤੌਰ ਤੇ ਅਤੇ ਹਾਰੂਨ ਨੂੰ ਪਰਧਾਨ ਜਾਜਕ ਦੇ ਤੌਰ ਤੇ। ਹਾਲਾਂਕਿ ਹਰੇਕ ਇਸਰਾਏਲੀ ਪਵਿੱਤਰ ਸੀ, ਲੋਕਾਂ ਨੂੰ ਉਨ੍ਹਾਂ ਆਗੂਆਂ ਦੀਆਂ ਗੱਲਾਂ ਦਾ ਪਾਲਣ ਕਰਨ ਦੀ ਲੋੜ ਸੀ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਨਿਯੁਕਤ ਕੀਤਾ ਸੀ।

ਕੋਰਹ ਅਤੇ ਹੋਰ ਲੇਵੀਆਂ ਦੇ ਵਿਦਰੋਹ ਦੇ ਪਿੱਛੇ ਕੀ ਉਦੇਸ਼ ਸਨ? ਇਕ ਉਦੇਸ਼ ਜਾਜਕਾਂ ਦੇ ਤੌਰ ਤੇ ਉਨ੍ਹਾਂ ਦੀ ਕੰਮ ਕਰਨ ਦੀ ਇੱਛਾ ਸੀ। ਮੂਸਾ ਨੇ ਕੋਰਹ ਅਤੇ ਉਸ ਦੀ ਟੋਲੀ ਨੂੰ ਆਖਿਆ, "ਸਵੇਰ ਨੂੰ ਯਹੋਵਾਹ ਦੱਸੇਗਾ ਭਈ ਕੌਣ ਉਹ ਦਾ ਹੈ ਅਤੇ ਕੌਣ ਪਵਿੱਤ੍ਰ ਹੈ ..." (16:5)। ਫਿਰ ਉਸ ਨੇ ਇਕ ਪਰਖ ਦਾ ਪ੍ਰਸਤਾਵ ਰੱਖਿਆ: ਕੋਰਹ ਅਤੇ ਉਸ ਦੇ ਲੋਕਾਂ ਨੇ ਧੂਪਦਾਨਾਂ ਵਿਚ ਅੱਗ ਪਾਉਣੀ ਸੀ ਅਤੇ ਹਾਰੂਨ ਨੇ ਵੀ ਇਸੇ ਤਰ੍ਹਾਂ ਕਰਨਾ ਸੀ। ਪਰਮੇਸ਼ੁਰ ਸੰਕੇਤ ਦੇਵੇਗਾ ਕਿ ਉਸ ਨੇ ਕਿਸ ਨੂੰ ਚੁਣਿਆ ਸੀ। ਕੋਰਹ ਦੇ ਉਦੇਸ਼ ਉਸ ਨੂੰ ਮੂਸਾ ਦੇ ਕਹੇ ਗਏ ਸਮਾਪਤੀ ਕਥਨ ਵਿਚ ਸਪੱਸ਼ਟ ਕੀਤੇ ਗਏ ਹਨ:

> ਹੇ ਲੇਵੀਓ ਸੁਣੋ! ਕੀ ਏਹ ਗੱਲ ਤੁਹਾਡੇ ਲਈ ਛੋਟੀ ਹੈ ਕਿ ਇਸਰਾਏਲ ਦੇ ਪਰਮੇਸ਼ੁਰ ਨੇ ਤੁਹਾਨੂੰ ਇਸਰਾਏਲੀਆਂ ਦੀ ਮੰਡਲੀ ਤੋਂ ਵੱਖਰਾ ਕੀਤਾ ਤਾਂ ਜੋ ਉਹ ਤੁਹਾਨੂੰ ਨੇੜੇ ਲਿਆਵੇ ਕਿ ਤੁਸੀਂ ਯਹੋਵਾਹ ਦੇ ਡੇਹਰੇ ਦੀ ਟਹਿਲ ਸੇਵਾ ਕਰੋ ਅਤੇ ਮੰਡਲੀ ਦੇ ਅੱਗੇ ਖਲੋ ਕੇ ਓਹਨਾਂ ਦੀ ਸੇਵਾ ਕਰੋ? ਨਾਲੇ ਉਹ ਤੈਨੂੰ ਅਤੇ ਤੇਰੇ ਸਾਰੇ ਭਰਾਵਾਂ ਨੂੰ ਜਿਹੜੇ ਲੇਵੀ ਹਨ ਤੇਰੇ ਸੰਗ ਨੇੜੇ ਲਿਆਇਆ? ਹੁਣ ਕੀ ਤੁਸੀਂ ਜਾਜਕਾਈ ਨੂੰ ਵੀ ਦੰਦ ਮਾਰਦੇ ਹੋ? (16:8-10)।

ਦੂਜਾ ਉਦੇਸ਼ ਸਪੱਸ਼ਟ ਤੌਰ ਤੇ ਮੂਸਾ ਦੇ ਵਾਂਗ ਇਸਰਾਏਲ ਦੀ ਅਗਵਾਈ ਕਰਨ ਦੀ ਇੱਛਾ ਸੀ। ਇਹ ਇੱਛਾ ਮੂਸਾ ਦੇ ਆਦੇਸ਼ ਤੇ ਆਉਣ ਦੇ ਲਈ ਦਾਥਾਨ ਅਤੇ ਅਬੀਰਾਮ ਦੇ ਇਨਕਾਰ ਵਿਚ ਸਪੱਸ਼ਟ ਹੁੰਦੀ ਹੈ। ਉਨ੍ਹਾਂ ਨੇ ਮੂਸਾ ਤੇ ਤਿੰਨ ਗਲਤੀਆਂ ਦਾ ਦੋਸ਼ ਲਾਇਆ: ਉਨ੍ਹਾਂ ਨੂੰ ਉਸ ਦੇਸ ਵਿਚ ਲਿਆਉਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਵਿਚ ਅਸਫ਼ਲ ਹੋਣ ਦਾ ਜਿੱਥੇ "ਦੁੱਧ ਅਤੇ ਸ਼ਹਿਤ ਵਗਦਾ ਹੈ"; ਉਸ ਦੇ ਇਖ਼ਤਿਆਰ ਦੀ ਦੁਰਵਰਤੋਂ ਕਰਨਾ ਦਾ ਅਤੇ ਉਨ੍ਹਾਂ ਨੂੰ ਧੋਖਾ ਦੇਣ ਜਾਂ ਹਾਨੀ ਪਹੁੰਚਾਉਣ ਦਾ, ਇਹ ਕਹਿੰਦੇ ਹੋਏ ਕਿ "ਕੀ ਤੂੰ ਇਨ੍ਹਾਂ ਮਨੁੱਖਾਂ ਦੀਆਂ ਅੱਖਾਂ ਕੱਢ ਸੁੱਟੇਂਗਾ?" (16:12-14)।

ਜਦ ਕਿ ਕੋਰਹ ਇਕ ਲੇਵੀ ਸੀ, ਦਾਥਾਨ ਅਤੇ ਅਬੀਰਾਮ ਰਊਬੇਨ ਤੋਂ ਜਨਮੇ ਸਨ ਜੋ ਕਿ ਯਾਕੂਬ ਦੇ ਬਾਰਾਂ ਪੁੱਤਰਾਂ ਵਿੱਚੋਂ ਪਹਿਲਾ ਪੁੱਤਰ ਸੀ। ਸ਼ਾਇਦ ਉਨ੍ਹਾਂ ਦੇ ਆਗੂਆਂ ਦੇ ਤੌਰ ਤੇ ਜਿਨ੍ਹਾਂ ਨੂੰ ਉਹ ਪ੍ਰਮੁੱਖ ਗੋਤ ਸਮਝਦੇ ਸਨ, ਉਨ੍ਹਾਂ ਨੇ ਸੋਚਿਆ ਕਿ ਉਨ੍ਹਾਂ ਨੂੰ, ਅਤੇ ਮੂਸਾ ਅਤੇ ਹਾਰੂਨ ਨਹੀਂ, ਜਿਹੜੇ ਲੇਵੀ ਅਰਥਾਤ ਤੀਜੇ ਪੁੱਤਰ ਤੋਂ ਆਏ ਸਨ, ਇਸਰਾਏਲ ਦੀ ਅਗਵਾਈ ਕਰਨੀ ਚਾਹੀਦੀ

ਹੈ। ਉਹ, ਲੇਵੀਆਂ ਦੇ ਵਾਂਗ, ਜਾਣਬੁੱਝ ਕੇ ਭੁੱਲ ਗਏ ਸਨ ਕਿ ਪਰਮੇਸ਼ੁਰ ਨੇ ਮੂਸਾ ਨੂੰ ਆਗੂ ਦੇ ਅਹੁਦੇ ਤੇ ਰੱਖਿਆ ਸੀ।

ਉਨ੍ਹਾਂ ਦਾ ਵਿਦਰੋਹ ਕਿੰਨਾ ਗੰਭੀਰ ਸੀ? ਕਿਉਂਕਿ ਇਹ ਪਰਮੇਸ਼ੁਰ ਦੇ ਨਿਯੁਕਤ ਕੀਤੇ ਹੋਏ ਆਗੂਆਂ ਦਾ ਠੁਕਰਾਇਆ ਜਾਣਾ ਸੀ, ਮੂਸਾ ਦੇ ਹਿਸਾਬ ਨਾਲ ਇਹ ਖੁਦ ਪਰਮੇਸ਼ੁਰ ਦਾ ਠੁਕਰਾਇਆ ਜਾਣਾ ਸੀ (16:11)। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਪਾਪ ਦੀ ਗੰਭੀਰਤਾ ਸੰਬੰਧੀ ਪਰਮੇਸ਼ੁਰ ਮੂਸਾ ਨਾਲ ਸਹਿਮਤ ਸੀ। ਉਨ੍ਹਾਂ ਦੇ ਵਿਦਰੋਹ ਦਾ ਪਰਮੇਸ਼ੁਰ ਨੇ ਚਾਰ ਤਰੀਕਿਆਂ ਨਾਲ ਜਵਾਬ ਦਿੱਤਾ ਸੀ:

ਪਹਿਲਾ, ਪਰਮੇਸ਼ੁਰ ਨੇ ਵਿਦਰੋਹੀਆਂ ਦੀ ਭੇਟ ਨੂੰ ਨਾ ਸਵੀਕਾਰ ਕਰਨ ਦੀ ਮੂਸਾ ਦੀ ਪ੍ਰਾਰਥਨਾ ਨੂੰ ਸੁਣਿਆ (16:15) ਅਤੇ ਸੁਰਗ ਤੋਂ ਅੱਗ ਘੱਲੀ ਜਿਹੜੀ "ਉਨ੍ਹਾਂ ਢਾਈ ਸੌ ਮਨੁੱਖਾਂ ਨੂੰ ਜਿਹੜੇ ਧੂਪ ਧੁਖਾਉਂਦੇ ਸਨ ਭਸਮ ਕਰ ਗਈ" (16:35)। ਪਰਮੇਸ਼ੁਰ ਨੇ ਵਿਖਾਇਆ ਕਿ ਸਿਰਫ ਹਾਰੂਨ ਅਤੇ ਉਸ ਦੇ ਘਰਾਣੇ, ਜਾਜਕਾਂ, ਨੂੰ ਧੂਪ ਧੁਖਾਉਣ ਦਾ ਇਖ਼ਤਿਆਰ ਦਿੱਤਾ ਗਿਆ ਸੀ।

ਦੂਜਾ, ਸਾਰੀ ਮੰਡਲੀ ਨੂੰ ਨਾਸ ਕਰਨ ਦੀ ਧਮਕੀ ਤੋਂ ਬਾਅਦ ਅਤੇ ਮੂਸਾ ਅਤੇ ਹਾਰੂਨ ਦੁਆਰਾ ਮਨ੍ਹਾ ਕਰਨ ਤੋਂ ਬਾਅਦ, ਪਰਮੇਸ਼ੁਰ ਨੇ ਧਰਤੀ ਦੇ ਮੂੰਹ ਨੂੰ ਖੁੱਲ੍ਹਣ ਅਤੇ ਵਿਦਰੋਹੀਆਂ ਦੇ ਘਰਾਣਿਆਂ ਨੂੰ ਭੱਖਣ ਦਿੱਤਾ (16:20-33)। ਪਰਮੇਸ਼ੁਰ ਨੇ ਇਹ ਇਸ ਲਈ ਕੀਤਾ, ਜਿਵੇਂ ਮੂਸਾ ਨੇ ਆਖਿਆ ਸੀ, ਤਾਂ ਜੋ ਮੰਡਲੀ "ਜਾਣ ਲਵੇ ਕਿ ਯਹੋਵਾਹ ਨੇ ਮੈਨੂੰ ਘੱਲਿਆ ਹੈ ਨਾ ਕਿ ਮੇਰੇ ਮਨ ਨੇ ਜੋ ਮੈਂ ਇਨ੍ਹਾਂ ਸਾਰਿਆਂ ਕੰਮਾਂ ਨੂੰ ਕਰਾਂ" (16:28)।

ਤੀਜਾ, ਪਰਮੇਸ਼ੁਰ ਨੇ ਉਨ੍ਹਾਂ ਤੇ ਬਵਾ ਨੂੰ ਘੱਲਿਆ ਜਿਨ੍ਹਾਂ ਨੇ ਵਿਦਰੋਹ ਕਰਨ ਵਾਲੇ ਆਗੂਆਂ ਦੀ ਗੱਲ ਮੰਨੀ ਸੀ। ਮੂਸਾ ਅਤੇ ਹਾਰੂਨ ਨੇ ਸਿਫ਼ਾਰਸ਼ ਕੀਤੀ ਸੀ। ਹਾਰੂਨ ਧੂਪਦਾਨ ਦੇ ਨਾਲ ਮੰਡਲੀ ਵਿਚ ਨੱਠ ਕੇ ਗਿਆ ਅਤੇ ਉਸ ਦੀ ਭੇਟ ਪ੍ਰਭਾਵਸ਼ਾਲੀ ਸੀ: "ਉਹ ਮੋਇਆਂ ਅਤੇ ਜੀਉਂਦਿਆਂ ਦੇ ਵਿਚਕਾਰ ਖਲੋਤਾ ਸੀ ਤਾਂ ਬਵਾ ਰੁਕ ਗਈ" (16:48)। ਇਸ ਤੋਂ ਪਹਿਲਾਂ ਕਿ ਬਵਾ ਪੂਰੀ ਤਰ੍ਹਾਂ ਖਤਮ ਹੋਈ, 14,700 ਲੋਕ ਮਰ ਗਏ ਸਨ, "ਉਨ੍ਹਾਂ ਨੂੰ ਛੱਡ ਕੇ ਜਿਹੜੇ ਕੋਰਹ ਦੀ ਗੱਲ ਦੇ ਕਾਰਨ ਮਰੇ" (16:49)।

ਚੌਥਾ, ਪਰਮੇਸ਼ੁਰ ਨੇ ਜਨਤਕ ਤੌਰ ਤੇ ਅਤੇ ਚਮਤਕਾਰੀ ਢੰਗ ਨਾਲ ਹਾਰੂਨ ਨੂੰ ਚੁਣਿਆ ਸੀ (ਅਧਿਆਇ 17)। ਕਿਨ੍ਹਾਂ ਨੇ ਜਾਜਕਾਂ ਤੇ ਤੌਰ ਤੇ ਸੇਵਾ ਕਰਨੀ ਸੀ ਇਸ ਸਵਾਲ ਦਾ ਹਮੇਸ਼ਾ ਦੇ ਲਈ ਜਵਾਬ ਦੇਣ ਵਾਸਤੇ, ਪਰਮੇਸ਼ੁਰ ਨੇ ਇਕ ਕਿਸਮ ਦੇ ਇਕ ਮੁਕਾਬਲੇ ਦੇ ਲਈ ਹਦਾਇਤਾਂ ਦਿੱਤੀਆਂ। ਹਰ ਗੋਤ ਨੇ ਇਕ ਇਕ ਢਾਂਗਾ ਦੇਣਾ ਸੀ ਅਤੇ ਉਸ ਢਾਂਗੇ ਉੱਤੇ ਗੋਤ ਦੇ ਪਰਧਾਨ ਦਾ ਨਾਮ ਲਿਖਿਆ ਹੋਣਾ ਚਾਹੀਦਾ ਸੀ। ਲੇਵੀ ਦੇ ਗੋਤ ਦੇ ਢਾਂਗੇ ਤੇ, ਹਾਰੂਨ ਦਾ ਨਾਮ ਲਿਖਿਆ ਹੋਇਆ ਸੀ। ਢਾਂਗਿਆਂ ਨੂੰ ਰਾਤ ਭਰ ਡੇਹਰੇ ਵਿਚ ਰੱਖਿਆ ਗਿਆ ਸੀ ਅਤੇ ਅਗਲੀ ਸਵੇਰ ਨੂੰ "ਹਾਰੂਨ ਦਾ ਢਾਂਗਾ ਲੇਵੀ ਦੇ ਘਰਾਣੇ ਦਾ ਫੁੱਟ ਪਿਆ ਅਤੇ ਉਸ ਨੂੰ ਕੂਮਲੀਆਂ ਨਿੱਕਲੀਆਂ ਹੋਈਆਂ ਸਨ ਅਤੇ ਫੁੱਲ ਨਿੱਕਲੇ ਹੋਏ ਸਨ ਅਤੇ ਬਦਾਮ ਲੱਗੇ ਹੋਏ ਸਨ" (17:8)। ਇਹ ਯਕੀਨੀ ਬਣਾਉਣ ਦੇ ਲਈ ਕਿ ਇਸਰਾਏਲੀ ਸਬਕ ਨੂੰ ਸਮਝ ਗਏ ਸਨ, "ਮੂਸਾ ਸਾਰੇ ਢਾਂਗੇ ਯਹੋਵਾਹ ਦੇ ਅੱਗੋਂ ਬਾਹਰ ਇਸਰਾਏਲੀਆਂ ਕੋਲ ਲਿਆਇਆ" (17:9)। ਯਹੋਵਾਹ ਨੇ ਮੂਸਾ ਨੂੰ ਹਾਰੂਨ ਦੇ ਢਾਂਗੇ ਨੂੰ ਵਾਪਸ ਤੰਬੂ ਵਿਚ ਰੱਖਣ ਦਾ ਹੁਕਮ ਦਿੱਤਾ ਸੀ। ਇਸ ਨੂੰ ਨੇਮ ਦੇ ਸੰਦੂਕ ਦੇ ਨੇੜੇ ਰੱਖਿਆ ਗਿਆ ਸੀ ਅਤੇ ਬਾਅਦ ਵਿਚ ਇਸ ਨੂੰ "ਆਕੀਆਂ ਲਈ ਨਿਸ਼ਾਨ ਹੋਣ ਲਈ" ਅਤੇ ਪਰਮੇਸ਼ੁਰ ਦੇ ਵਿਰੁੱਧ "ਉਨ੍ਹਾਂ ਦੀ ਬੁੜ ਬੁੜਾਹਟ ਨੂੰ ਮੁਕਾਉਣ ਲਈ" ਸੰਦੂਕ ਵਿਚ ਰੱਖਿਆ ਗਿਆ ਸੀ (17:10)।

ਇਨ੍ਹਾਂ ਘਟਨਾਵਾਂ ਦਾ ਨਤੀਜਾ ਕੀ ਸੀ? ਪਰਮੇਸ਼ੁਰ ਨੇ ਲੋਕਾਂ ਦੇ ਅੱਗੇ ਇਹ ਸਾਬਤ ਕੀਤਾ ਸੀ ਕਿ ਮੂਸਾ ਅਤੇ ਹਾਰੂਨ ਸੱਚਮੁੱਚ ਉਸ ਦੇ ਨਿਯੁਕਤ ਕੀਤੇ ਹੋਏ ਆਗੂ ਸਨ। ਇਸ ਤੋਂ ਜ਼ਿਆਦਾ

ਮਹੱਤਵਪੂਰਣ ਗੱਲ ਇਹ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਸਿਖਾਇਆ ਸੀ ਕਿ ਉਸ ਦੇ ਆਗੂਆਂ ਨੂੰ ਠੁਕਰਾਉਣਾ ਖੁਦ ਪਰਮੇਸ਼ੁਰ ਨੂੰ ਠੁਕਰਾਉਣ ਵਾਂਗਰ ਸੀ।

ਲੋਕ ਸਮਝ ਗਏ ਹੋਣਗੇ ਕਿ ਉਸ ਪਰਮੇਸ਼ੁਰ ਦੇ ਨਾਲ ਜੁੜਨਾ ਕੋਈ ਛੋਟੀ ਗੱਲ ਨਹੀਂ ਸੀ ਜਿਹੜਾ ਅਜਿਹੀਆਂ ਮਹਾਨ ਅਤੇ ਭਿਆਣਕ ਗੱਲਾਂ ਕਰ ਸਕਦਾ ਸੀ। ਉਨ੍ਹਾਂ ਨੇ ਚੀਕ ਕੇ ਆਖਿਆ, "ਵੇਖ, ਸਾਡੇ ਪ੍ਰਾਣ ਨਿੱਕਲ ਗਏ ਹਨ। ਅਸੀਂ ਨਾਸ ਹੋ ਗਏ ਹਾਂ! ਅਸੀਂ ਸਾਰੇ ਦੇ ਸਾਰੇ ਨਾਸ ਹੋ ਗਏ ਹਾਂ। ਜੋ ਕੋਈ ਯਹੋਵਾਹ ਦੇ ਡੇਰੇ ਦੇ ਨੇੜੇ ਜਾਂਦਾ ਓਹ ਮਰ ਜਾਂਦਾ ਹੈ। ਕੀ ਅਸਾਂ ਸਾਰਿਆਂ ਦਾ ਨਾਸ ਹੋ ਜਾਵੇਗਾ?" (17:12, 13)। ਉਨ੍ਹਾਂ ਨੇ ਉਹ ਸਬਕ ਸਿੱਖ ਲਿਆ ਸੀ ਜਿਸ ਦੀ ਉਨ੍ਹਾਂ ਨੂੰ ਬਹੁਤ ਜ਼ਿਆਦਾ ਲੋੜ ਸੀ - ਅਰਥਾਤ, ਇਹ ਕਿ ਕੋਈ ਵੀ ਵਿਅਕਤੀ ਪਰਮੇਸ਼ੁਰ ਦੀਆਂ ਪਵਿੱਤਰ ਚੀਜ਼ਾਂ ਨੂੰ ਤੁੱਛ ਨਹੀਂ ਸੀ ਜਾਣ ਸਕਦਾ! ਉਹ ਸੱਚਮੁੱਚ ਉਹ ਪਰਮੇਸ਼ੁਰ ਹੈ ਜਿਸ ਤੋਂ ਡਰਨਾ ਚਾਹੀਦਾ ਹੈ!

*ਚਿਤਾਵਨੀ: ਸਾਨੂੰ ਪਰਮੇਸ਼ੁਰ ਦੇ ਨਿਯੁਕਤ ਕੀਤੇ ਹੋਏ ਆਗੂਆਂ ਦੇ ਇਖ਼ਤਿਆਰ ਨੂੰ ਸਵੀਕਾਰ ਕਰਨਾ ਚਾਹੀਦਾ ਹੈ।* ਇਹ ਬੰਦ "ਆਗੂਆਂ ਵਿਚ ਸੰਕਟ" ਬਾਰੇ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ "ਇਖ਼ਤਿਆਰ ਵਾਲੇ ਵਿਅਕਤੀ ਵਿਚ ਸੰਕਟ" ਬਾਰੇ ਹੈ। ਅਕਸਰ, ਆਗੂਆਂ ਦੀਆਂ ਸਮੱਸਿਆਵਾਂ ਸੱਚਮੁੱਚ ਇਖ਼ਤਿਆਰ ਦੀਆਂ ਸਮੱਸਿਆਵਾਂ ਹਨ: ਕਈ ਜਿਨ੍ਹਾਂ ਨੂੰ ਚੇਲਿਆਂ ਦੀ ਭੂਮਿਕਾ ਨੂੰ ਸਵੀਕਾਰ ਕਰਨ ਦੇ ਇੱਛੁਕ ਹੋਣਾ ਚਾਹੀਦਾ ਹੈ ਇਸ ਦੀ ਬਜਾਇ ਉਹ ਆਗੂ ਦੀ ਭੂਮਿਕਾ ਨੂੰ ਹੜੱਪਣਾ ਚਾਹੁੰਦੇ ਹਨ। ਫਿਰ ਸਵਾਲ ਉੱਠਦਾ ਹੈ, ਜਿਵੇਂ ਉਨ੍ਹਾਂ ਨੇ ਇਸਰਾਏਲ ਵਿਚ ਕੀਤਾ: "ਆਗੂ ਕੌਣ ਹੈ?"; "ਕਿਸ ਨੂੰ ਅਗਵਾਈ ਕਰਨੀ ਚਾਹੀਦੀ ਹੈ?"

ਸਾਡੇ ਸੰਸਾਰ ਵਿਚ, ਇਖ਼ਤਿਆਰ ਦੀ ਧਾਰਣਾ ਨੂੰ ਠੁਕਰਾਉਣ ਦਾ ਝੁਕਾਉ ਹੈ। ਸਾਨੂੰ ਦੇਸ਼, ਘਰ ਅਤੇ ਕਲੀਸੀਆ ਵਿਚ ਵਿਦਰੋਹ ਲੱਭਦਾ ਹੈ। ਪਰਮੇਸ਼ੁਰ ਨੇ ਆਗੂ ਨਿਯੁਕਤ ਕੀਤੇ ਹਨ ਜਿਨ੍ਹਾਂ ਦੇ ਅਸੀਂ ਅਧੀਨ ਹੋਣਾ ਹੈ।

1. ਸਾਡੇ ਦੇਸ਼ਾਂ ਅਤੇ ਸਾਡੇ ਸਮਾਜਾਂ ਵਿਚ, ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਨ੍ਹਾਂ ਅਧਿਕਾਰੀਆਂ ਦੇ ਅਧੀਨ ਹੋਈਏ ਜਿਹੜੇ ਹਕੂਮਤ ਕਰਦੇ ਹਨ। "ਹਰੇਕ ਪ੍ਰਾਣੀ ਹਕੂਮਤਾਂ ਦੇ ਅਧੀਨ ਰਹੇ ਕਿਉਂਕਿ ਅਜਿਹੀ ਕੋਈ ਹਕੂਮਤ ਨਹੀਂ ਜਿਹੜੀ ਪਰਮੇਸ਼ੁਰ ਦੀ ਵੱਲੋਂ ਨਾ ਹੋਵੇ ਅਤੇ ਜਿੰਨੀਆਂ ਹਕੂਮਤਾਂ ਹਨ ਓਹ ਪਰਮੇਸ਼ੁਰ ਦੀਆਂ ਠਹਿਰਾਈਆਂ ਹੋਈਆਂ ਹਨ" (ਰੋਮੀਆਂ 13:1)। ਇਸ ਲਈ ਸਮਾਜਕ ਹਕੂਮਤਾਂ ਦੇ ਪ੍ਰਤੀ ਅਣਆਗਿਆਕਾਰੀ ਪਰਮੇਸ਼ੁਰ ਦੇ ਨੁਮਾਇੰਦਿਆਂ ਦੇ ਵਿਰੁੱਧ ਵਿਦਰੋਹ ਹੈ। ਸਮਾਜ ਵਿਚ ਜੇਕਰ ਜ਼ਿਆਦਾਤਰ ਨਹੀਂ ਤਾਂ ਕੁਝ ਜੁਰਮ ਅਤੇ ਹਿੰਸਾ ਹਕੂਮਤਾਂ ਨੂੰ ਸਵੀਕਾਰ ਕਰਨ ਦੇ ਇਨਕਾਰ ਦਾ ਨਤੀਜਾ ਹਨ।

2. ਘਰ ਪਰਮੇਸ਼ੁਰ ਦਾ ਦਿੱਤਾ ਹੋਇਆ ਇਕ ਢਾਂਚਾ ਹੈ ਜਿਸ ਦੇ ਵਿਚ ਪਤੀ ਪਤਨੀ ਦਾ ਸਿਰ ਹੈ ਅਤੇ ਪਤਨੀ ਨੇ ਆਪਣੇ ਪਤੀ ਦੇ ਅਧੀਨ ਰਹਿਣਾ ਹੈ। ਬੱਚਿਆਂ ਨੇ ਆਪਣੇ ਮਾਤਾ-ਪਿਤਾ ਦਾ ਆਦਰ ਅਤੇ ਆਗਿਆ ਪਾਲਣ ਕਰਨਾ ਹੈ (ਅਫ਼ਸੀਆਂ 5:22-6:4)। ਮਰਦਾਂ ਨੂੰ ਪ੍ਰੇਮ ਨਾਲ ਆਪਣੀ ਪ੍ਰਧਾਨਗੀ ਦਾ ਉਸੇ ਤਰ੍ਹਾਂ ਇਸਤੇਮਾਲ ਕਰਨਾ ਚਾਹੀਦਾ ਹੈ ਜਿਵੇਂ ਮਸੀਹ ਨੇ ਕਲੀਸੀਆ ਨੂੰ ਪ੍ਰੇਮ ਕੀਤਾ ਸੀ। ਜੇਕਰ ਇਸਤਰੀ ਆਪਣੇ ਪਤੀ ਦੇ ਅਧੀਨ ਹੋਣ ਤੋਂ ਇਨਕਾਰ ਕਰਦੀ ਹੈ, ਉਹ ਉਨ੍ਹਾਂ ਹਦਾਇਤਾਂ ਦੇ ਵਿਰੁੱਧ ਵਿਦਰੋਹ ਕਰ ਰਹੀ ਹੈ ਜੋ ਪਰਮੇਸ਼ੁਰ ਦੁਆਰਾ ਦਿੱਤੀਆਂ ਗਈਆਂ ਹਨ। ਜਦੋਂ ਬੱਚੇ ਆਪਣੇ ਮਾਪਿਆਂ ਦੀ ਅਣਆਗਿਆਕਾਰੀ ਕਰਦੇ ਹਨ, ਉਹ ਉਨ੍ਹਾਂ ਦੇ ਵਿਰੁੱਧ ਮੁੜਨ ਦੇ ਦੋਸ਼ੀ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਉਨ੍ਹਾਂ ਉੱਤੇ ਨਿਯੁਕਤ ਕੀਤਾ ਹੈ।

3. ਇਸਰਾਏਲੀਆਂ ਨੂੰ ਦਿੱਤੀਆਂ ਗਈਆਂ ਪਰਮੇਸ਼ੁਰ ਦੀਆਂ ਸਿੱਖਿਆਵਾਂ ਨੂੰ ਕਲੀਸੀਆ ਤੇ ਲਾਗੂ ਕੀਤਾ ਜਾ ਸਕਦਾ ਹੈ। ਬੇਸ਼ੱਕ, ਸਾਨੂੰ ਇਸਰਾਏਲ ਦੀ ਅਤੇ ਸਾਡੀ ਹਾਲਤ ਵਿਚਕਾਰ ਫ਼ਰਕਾਂ ਤੋਂ ਜਾਣੂ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਆਗੂ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਸਨ।

ਪਰਮੇਸ਼ੁਰ ਨੇ ਉਨ੍ਹਾਂ ਨਾਲ ਗੱਲ ਕੀਤੀ ਸੀ, ਉਨ੍ਹਾਂ ਦੇ ਰਾਹੀਂ ਉਸ ਦੀ ਇੱਛਾ ਨੂੰ ਪਰਗਟ ਕੀਤਾ ਸੀ ਅਤੇ ਚਮਤਕਾਰਾਂ ਦੁਆਰਾ ਆਗੂ ਹੋਣ ਦੇ ਉਨ੍ਹਾਂ ਦੇ ਹੱਕ ਦੀ ਪੁਸ਼ਟੀ ਕੀਤੀ ਸੀ। ਜਦ ਕਿ ਸਥਾਨਕ ਮੰਡਲੀਆਂ (ਕਲੀਸੀਆਵਾਂ) ਦੇ ਆਗੂ, ਇਕ ਭਾਵ ਵਿਚ, ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਹਨ (ਰਸੂਲਾਂ ਦੇ ਕਰਤੱਬ 20:28), ਉਸ ਨੇ ਵਿਅਕਤੀਆਂ ਨੂੰ ਸਿੱਧੇ ਤੌਰ ਤੇ ਨਿਯੁਕਤ ਨਹੀਂ ਕੀਤਾ ਹੈ। ਨਾ ਹੀ ਉਹ ਸਿੱਧੇ ਤੌਰ ਤੇ ਉਨ੍ਹਾਂ ਦੇ ਰਾਹੀਂ ਆਪਣੀ ਇੱਛਾ ਨੂੰ ਪਰਗਟ ਕਰਦਾ ਹੈ, ਜਿਵੇਂ ਉਸ ਨੇ ਮੂਸਾ ਦੇ ਰਾਹੀਂ ਕੀਤਾ ਸੀ। ਪਰਮੇਸ਼ੁਰ ਅੱਜ ਮੰਡਲੀਆਂ (ਕਲੀਸੀਆਵਾਂ) ਨੂੰ ਇਹ ਦੱਸਣ ਦੇ ਲਈ ਕਿ ਉਨ੍ਹਾਂ ਦੇ ਸਹੀ ਆਗੂ ਕਿਹੜੇ ਹਨ ਚਮਤਕਾਰ ਨਹੀਂ ਕਰਦਾ ਹੈ।

ਇਨ੍ਹਾਂ ਫ਼ਰਕਾਂ ਨੂੰ ਧਿਆਨ ਵਿਚ ਰੱਖਦੇ ਹੋਏ, ਸ਼ਾਇਦ ਹਵਾਲੇ ਦੀ ਸਭ ਤੋਂ ਉੱਤਮ ਪ੍ਰਾਸੰਗਿਕਤਾ ਇਹ ਸਵੀਕਾਰ ਕਰਨਾ ਹੈ ਕਿ ਅਸੀਂ ਪਰਮੇਸ਼ੁਰ ਦੇ ਉਨ੍ਹਾਂ ਨੁਮਾਇੰਦਿਆਂ ਨੂੰ ਠੁਕਰਾਉਣ ਦੇ ਦੋਸ਼ੀ ਹੋ ਸਕਦੇ ਹਾਂ ਜਿਨ੍ਹਾਂ ਦੇ ਰਾਹੀਂ ਉਸ ਨੇ ਆਪਣੇ ਇੱਛਾ ਨੂੰ ਪਰਗਟ ਕੀਤਾ ਹੈ - ਅਰਥਾਤ, ਮਸੀਹ ਅਤੇ ਉਹ ਜਿਨ੍ਹਾਂ ਨੇ ਨਵੇਂ ਨੇਮ ਦੇ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਦਿੱਤੇ ਵਚਨਾਂ ਨੂੰ ਲਿਖਿਆ ਸੀ। ਕੋਈ ਵੀ ਜਿਹੜਾ ਮਸੀਹ ਅਤੇ ਉਸ ਦੀ ਇੱਛਾ ਨੂੰ ਠੁਕਰਾਉਂਦਾ ਹੈ ਵਿਦਰੋਹ ਦਾ ਦੋਸ਼ੀ ਹੈ।

ਇਸ ਤੋਂ ਇਲਾਵਾ, ਅਸੀਂ ਪਰਮੇਸ਼ੁਰ ਦੇ ਨਿਯੁਕਤ ਕੀਤੇ ਗਏ ਆਗੂਆਂ ਦੇ ਇਖ਼ਤਿਆਰ ਦੇ ਅਧੀਨ ਹੋਣ ਦੇ ਸਿਧਾਂਤ ਨੂੰ ਕਲੀਸੀਆ ਵਿਚ ਲਾਗੂ ਕਰ ਸਕਦੇ ਹਾਂ। ਨਵਾਂ ਨੇਮ ਸਿਖਾਉਂਦਾ ਹੈ ਕਿ ਮਸੀਹੀ ਲੋਕਾਂ ਨੇ ਮੰਡਲੀ ਦੇ ਐਲਡਰਾਂ ਦੇ ਇਖ਼ਤਿਆਰ ਦੇ ਅਧੀਨ ਹੋਣਾ ਹੈ (ਇਬਰਾਨੀਆਂ 13:17)।

ਐਲਡਰਾਂ ਨੂੰ ਉਨ੍ਹਾਂ ਮੰਡਲੀਆਂ ਤੇ ਜਿਨ੍ਹਾਂ ਦੀ ਉਹ ਅਗਵਾਈ ਕਰਦੇ ਹਨ ਕੁਝ ਇਖ਼ਤਿਆਰ ਹੈ। "ਐਲਡਰਾਂ," "ਨਿਗਾਹਬਾਨਾਂ" ਅਤੇ "ਅਯਾਲੀਆਂ" ਸ਼ਬਦ ਹੀ ਸੁਝਾਅ ਦਿੰਦੇ ਹਨ ਕਿ ਉਨ੍ਹਾਂ ਕੋਲ ਇਖ਼ਤਿਆਰ ਦੇ ਅਹੁਦੇ ਹਨ, ਕਿਉਂਕਿ ਬਾਈਬਲ ਦੇ ਸਮਿਆਂ ਵਿਚ ਇਨ੍ਹਾਂ ਤਿੰਨਾਂ ਸ਼ਬਦਾਂ ਦਾ ਅਰਥ ਇਖ਼ਤਿਆਰ ਜਾਂ ਅਗਵਾਈ ਹੈ। ਇਸ ਤੋਂ ਇਲਾਵਾ, ਕਲੀਸੀਆ ਨੂੰ ਇਸ ਦੇ ਆਗੂਆਂ ਦੇ ਅਧੀਨ ਹੋਣ ਦਾ ਹੁਕਮ ਦਿੱਤਾ ਗਿਆ ਹੈ, ਜੋ ਇਕ ਵਾਰ ਫੇਰ ਇਹ ਦੱਸ ਰਿਹਾ ਹੈ ਕਿ ਐਲਡਰ ਦੀ ਭੂਮਿਕਾ ਦੇ ਨਾਲ ਥੋੜ੍ਹਾ ਬਹੁਤ ਇਖ਼ਤਿਆਰ ਵੀ ਹੁੰਦਾ ਹੈ।

ਸ਼ਾਇਦ ਨਵੇਂ ਨੇਮ ਦੇ ਸਬੂਤ ਦਾ ਸਾਰ ਪੇਸ਼ ਕਰਨ ਦਾ ਸਭ ਤੋਂ ਉੱਤਮ ਤਰੀਕਾ ਇਹ ਟਿੱਪਣੀ ਕਰਨਾ ਹੈ ਕਿ ਐਲਡਰਾਂ ਕੋਲ ਇਖ਼ਤਿਆਰ ਤਾਂ ਜਰੂਰ ਹੈ ਪਰ ਉਨ੍ਹਾਂ ਨੇ ਇਸ ਨੂੰ ਇਖ਼ਤਿਆਰ ਵਾਲੇ ਢੰਗ ਨਾਲ, ਧੋਕੇਖੋਰੇ ਜਾਂ ਘਮੰਡੀ ਬਣ ਕੇ ਇਸਤੇਮਾਲ ਨਹੀਂ ਕਰਨਾ ਹੈ। ਨਵੇਂ ਨੇਮ ਦੀ ਸਿੱਖਿਆ ਸਪੱਸ਼ਟ ਹੈ: ਹਰੇਕ ਮਸੀਹੀ ਵਿਅਕਤੀ ਨੂੰ ਮੰਡਲੀ ਦੇ ਨਿਗਾਹਬਾਨਾਂ ਦਾ ਆਦਰ ਕਰਨਾ ਚਾਹੀਦਾ ਹੈ, ਉਨ੍ਹਾਂ ਦੇ ਅਧੀਨ ਹੋਣਾ ਚਾਹੀਦਾ ਹੈ ਅਤੇ ਖੁਸ਼ੀ ਖੁਸ਼ੀ ਉਨ੍ਹਾਂ ਦਾ ਪਾਲਣ ਕਰਨਾ ਚਾਹੀਦਾ ਹੈ ਜਿੱਥੇ ਉਹ ਅਰਾਧਨਾ ਕਰਦਾ ਜਾਂ ਕਰਦੀ ਹੈ। ਕਿਉਂ? ਕਈ ਕਾਰਣਾਂ ਕਰਕੇ - ਪਰ ਖਾਸਕਰ ਇਸ ਲਈ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਐਲਡਰ ਬਣਾਇਆ ਹੈ। ਰਸੂਲਾਂ ਦੇ ਕਰਤੱਬ 20:28 ਵਿਚ, ਪੌਲੁਸ ਨੇ ਐਲਡਰਾਂ ਨੂੰ ਆਖਿਆ, "ਤੁਸੀਂ ਆਪਣੀ, ਨਾਲੇ ਉਸ ਸਾਰੇ ਇੱਜੜ ਦੀ ਖਬਰਦਾਰੀ ਕਰੋ ਜਿਹ ਦੇ ਉੱਤੇ ਪਵਿੱਤ੍ਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਠਹਿਰਾਇਆ ਹੈ।" ਇਸ ਲਈ, ਕਲੀਸੀਆ ਦੇ ਆਗੂਆਂ ਦੇ ਵਿਰੁੱਧ ਵਿਦਰੋਹ ਕਰਨਾ ਪਰਮੇਸ਼ੁਰ ਦੇ ਨਿਯੁਕਤ ਕੀਤੇ ਹੋਏ ਆਗੂ ਦੇ ਵਿਰੁੱਧ ਵਿਦਰੋਹ ਕਰਨਾ ਹੈ!

ਕੀ ਸਾਡੇ ਲਈ ਆਪਣੇ ਆਪ ਨੂੰ ਕਿਸੇ ਹੋਰ ਦੇ ਅਧੀਨ ਕਰਨਾ, ਕਿਸੇ ਦੀ ਅਗਵਾਈ ਦਾ ਪਾਲਣ ਕਰਨਾ ਬਹੁਤ ਔਖਾ ਹੈ? ਮਸੀਹ ਦੇ ਵਿਚ ਅਧੀਨਗੀ ਮਹੱਤਵਪੂਰਣ ਹੈ। ਸੰਸਾਰ ਵਿਚ ਲੋਕ ਸੱਤਾ ਦੇ ਲਈ ਜੱਦੋ-ਜਹਿਦ ਕਰਦੇ ਹਨ, ਪਰ ਮਸੀਹ ਦੇ ਰਾਜ ਵਿਚ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ! ਕਲੀਸੀਆ ਵਿਚ, "ਆਗੂ ਕੌਣ ਹੈ?" ਇਕ ਅਜਿਹਾ ਸਵਾਲ ਹੈ ਜੋ ਬਹੁਤ ਘੱਟ ਪੁੱਛਿਆ

ਜਾਣਾ ਚਾਹੀਦਾ ਹੈ। ਲੋਕ ਜਿਹੜੇ ਸੇਵਾ ਕਰਨ, ਐਲਡਰਾਂ ਦੀ ਅਗਵਾਈ ਦਾ ਪਾਲਣ ਕਰਨ ਬਾਰੇ ਚਿੰਤਾ ਜਤਾਉਂਦੇ ਹਨ ਇਕ ਸਮੱਸਿਆ ਨਹੀਂ ਹੋਣੇ ਚਾਹੀਦੇ।

*ਸਿੱਟਾ।* ਗਿਣਤੀ ਦੀ ਪੁਸਤਕ ਵਿਚ ਜੰਗੀ ਹਾਵ-ਭਾਵ ਹੈ; ਇਹ ਇਕ ਸੈਨਾ - ਪਰਮੇਸ਼ੁਰ ਦੀ ਸੈਨਾ - ਬਾਰੇ ਹੈ ਜਿਸ ਨੂੰ ਵਾਅਦੇ ਦੀ ਧਰਤੀ ਤੇ ਕਬਜ਼ਾ ਕਰਨ ਦੇ ਲਈ ਭੇਜਿਆ ਗਿਆ ਹੈ। ਸੈਨਾ ਵਿਚ ਵਿਦਰੋਹ ਦੇ ਨਾਲ, ਕੋਈ ਵੀ ਸੈਨਾ ਜੇਤੂ, ਜਾਂ ਸਗੋ ਬਚ ਨਹੀਂ ਸਕਦੀ। ਜੇਕਰ ਅਸੀਂ "ਪਰਮੇਸ਼ੁਰ ਦੀ ਸੈਨਾ" ਹੁੰਦੇ ਹੋਏ ਸ਼ਤਾਨ, ਪਾਪ ਅਤੇ ਸੰਸਾਰ ਨੂੰ ਹਰਾਉਣਾ ਚਾਹੁੰਦੇ ਹਾਂ, ਸਾਨੂੰ ਵਫ਼ਾਦਾਰੀ ਨਾਲ ਪਰਮੇਸ਼ੁਰ ਦੇ ਹੁਕਮਾਂ ਦਾ ਪਾਲਣ ਕਰਨਾ ਚਾਹੀਦਾ ਹੈ। ਸਾਡੇ ਐਲਡਰ ਸਹੀ ਤਰ੍ਹਾਂ ਅਗਵਾਈ ਕਰਨ - ਸੇਵਕ ਆਗੂ ਹੋਣ ਦੇ ਨਾਤੇ ਪਰਮੇਸ਼ੁਰ ਦੇ ਵਿਰਸੇ ਤੇ "ਹੁਕਮ ਨਾ ਚਲਾਉਣ" ਸਗੋਂ ਇੱਜੜ ਦੇ ਲਈ ਨਮੂਨਾ ਬਣਨ। ਸਾਡੇ ਵਿੱਚੋਂ ਬਾਕੀ ਜੋ ਬਚੇ ਹਨ ਉਹ ਖੁਸ਼ੀ ਖੁਸ਼ੀ ਉਨ੍ਹਾਂ ਦੀ ਅਗਵਾਈ ਦੇ ਪਿੱਛੇ ਚੱਲਣ ਅਤੇ ਉਸ ਦੀ ਸੇਵਾ ਕਰਨ ਦੇ ਇੱਛੁਕ ਹੋਣ।

---

ਟਿੱਪਣੀਆਂ

[1]ਡਬਲਿਯੂ. ਐਚ. ਬੈਲਿੰਗਰ, ਜੂਨੀਅਰ, *ਲੇਵੀਆਂ ਦੀ ਪੋਥੀ, ਗਿਣਤੀ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 2001), 245. [2]ਉਸੇ ਸਥਾਨ ਤੇ।